# ਤੇਰੇ ਦੁਃਖ ਕਟ ਜਾਨਗੇ

ਭਗਤੋ, ਇੱਕ ਮਨ ਚਿੱਤ ਇਕਾਗਰ ਹੋ ਕੇ ਬੋਲੋ,
ਜੈ ਮਾਤਾ ਦੀ,,,,,,, ।
ਇੱਕ ਵਾਰੀ ਫਿਰ ਬੋਲੋ, ਜੈ ਮਾਤਾ ਦੀ,,,,,,, ।
ਜੈਕਾਰਾ ਸ਼ੇਰਾਂਵਾਲੀ ਦਾ,,, ਬੋਲ ਸੱਚੇ ਦਰਬਾਰ ਦੀ ਜੈ ।
ਭਗਤੋ, ਕਹਿੰਦੇ ਜੇਹਦੀ ਰਗ ਵਿੱਚ ਜੈ,
ਓਹਦੀ ਜੱਗ ਵਿੱਚ ਵੀ ਜੈ ।
ਅਤੇ ਜੇਹਦੇ ਬੁੱਲਾਂ ਉੱਤੇ ਜੈ,
ਓਹਦੀਆਂ ਸੱਤ ਕੁੱਲਾਂ ਦੀ ਵੀ ਜੈ ।
ਜੈ ਮਾਤਾ ਦੀ ਬੋਲਿਆਂ ਹੀ ,ਖੁੱਲਦਾ ਦੁਆਰਾ ਸ਼ੇਰਾਂਵਾਲੀ ਦਾ,
ਗੱਜ ਕੇ ਬੋਲੋ ਭਗਤੋ,
ਜੈਕਾਰਾ ਸ਼ੇਰਾਂਵਾਲੀ ਦਾ,,, ਬੋਲ ਸੱਚੇ ਦਰਬਾਰ ਦੀ ਜੈ ।
ਜੈਕਾਰੇ ਵਾਲਿਆਂ ਨੂੰ ਮਿੱਠੀਆਂ ਮੁਰਾਦਾਂ,,,
ਬੋਲ ਸੱਚੇ ਦਰਬਾਰ ਦੀ, ਜੈ ।

ਮੱਲ੍ਹ ਲੈ ਦਵਾਰਾ, ਤੇਰੇ ਦੁੱਖ ਕੱਟ ਜਾਣਗੇ,
ਬੋਲ ਜੈਕਾਰਾ, ਤੇਰੇ ਦੁੱਖ ਕੱਟ ਜਾਣਗੇ ॥
ਦੁਨੀਆਂ ਨੂੰ ਤਾਰੇ ਜੇਹੜੀ, ਉਸ ਸੱਚੀ ਜੋਤ ਦਾ* ॥,
ਤੂੰ ਵੀ ਲੈ ਨਜ਼ਾਰਾ, ਤੇਰੇ ਦੁੱਖ ਕੱਟ ਜਾਣਗੇ,
ਮੱਲ੍ਹ ਲੈ ਦਵਾਰਾ,,, ਜੈ ਹੋ ॥ ,,,,,,,,,,,,,,,,,,,,,,

^ਕਰਦੀ ਸਵਾਲ ਹੱਲ, ਪੂਰਾ ਜੋ ਸਵਾਲੀ ਦਾ,
ਮੰਦਿਰਾਂ 'ਚ ਬੈਠੀ ਸਾਰੀ, "ਦੁਨੀਆਂ ਦੀ ਬਾਲੀ ਦਾ" ॥
ਵਿਗੜੀ ਬਣਾਵੇ ਜੇਹੜੀ, ਸੱਚੀ ਸਰਕਾਰ ਦਾ* ॥,
ਹੋ ਗਿਆ ਇਸ਼ਾਰਾ, ਤੇਰੇ ਦੁੱਖ ਕੱਟ ਜਾਣਗੇ,
ਮੱਲ੍ਹ ਲੈ ਦਵਾਰਾ,,, ਜੈ ਹੋ ॥ ,,,,,,,,,,,,,,,,,,,,,,

^ਇੱਕ ਵਾਰੀ ਕਰ ਦੇ, ਨਿਗਾਹ ਜਿੱਥੇ ਮੇਹਰ ਦੀ,
ਮੁੱਕ ਜਾਵੇ ਗੱਲ ਹੀ, "ਚੌਰਾਸੀਆਂ ਦੇ ਫ਼ੇਰ ਦੀ" ॥
ਜੇਹੜਾ ਭਵ ਸਾਗਰਾਂ 'ਚੋ, ਦੁਨੀਆਂ ਨੂੰ ਤਾਰਦਾ* ॥,
ਨਾਮ ਨੂੰ ਧਿਆ ਲੈ, ਤੇਰੇ ਦੁੱਖ ਕੱਟ ਜਾਣਗੇ,
ਮੱਲ੍ਹ ਲੈ ਦਵਾਰਾ,,, ਜੈ ਹੋ ॥ ,,,,,,,,,,,,,,,,,,,,,,

^ਬੱਚਿਆਂ ਨੂੰ ਦੱਸ ਕਾਹਦਾ, ਮਾਵਾਂ ਕੋਲੋਂ ਸੰਗਣਾ,
ਮੰਗ ਲੈ ਸੰਜੀਵ ਜੋ ਵੀ, "ਏਹਦੇ ਕੋਲੋਂ ਮੰਗਣਾ" ॥
ਚੱਲ ਆਜਾ ਤੂੰ ਵੀ, ਝੋਲੀ ਭਰ ਸਰਦੂਲ* ॥,
ਖੁੱਲ੍ਹਾ ਏ ਭੰਡਾਰਾ, ਤੇਰੇ ਦੁੱਖ ਕੱਟ ਜਾਣਗੇ,
ਮੱਲ੍ਹ ਲੈ ਦਵਾਰਾ,,, ਜੈ ਹੋ ॥ ,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/23573/title/tere-dukh-kat-jaange

अपने Android मोबाइल पर BhajanGanga App डाउनलोड करें और भजनों का आनंद ले |